**ਦਫਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਕਮ**
**ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ, ਪੰਜਾਬ,**
**ਐਸ.ਸੀ.ਓ. ਨੰ 104-106, ਸੈਕਟਰ 34-ਏ, ਚੰਡੀਗੜ੍ਹ**

ਸੇਵਾ ਵਿਖੇ

1. ਰਾਜ ਦੇ ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.) ਅਤੇ (ਐ.ਸਿ.),
2. ਰਾਜ ਦੇ ਸਮੂਹ ਸਕੂਲ ਮੁੱਖੀ ਅਤੇ ਰਾਜ ਦੇ ਸਮੂਹ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ
   (ਵੈੱਬ ਸਾਈਟ ਰਾਹੀਂ

ਮੀਮੋ ਨੰ ਸਸਅ/ਕੋਆਰਡੀਨੇਸ਼ਨ/52948-949
ਮਿਤੀ ਚੰਡੀਗੜ੍ਹ 16 ਅਗਸਤ, 2010

**ਵਿਸ਼ਾ** **ਅਧਿਆਪਕਾਂ ਨੂੰ ਜੀ.ਪੀ.ਫੰਡ ਸੱਲਿਪਾ ਦੇਣ, ਸਰਵਿਸ ਬੁੱਕਾਂ ਨੂੰ ਮੁਕੰਮਲ ਕਰਨ ਅਤੇ ਮੈਡਿਕਲ ਛੁੱਟੀਆਂ ਦੇ ਇੰਦਰਾਜ ਕਰਨ ਬਾਰੇ ।**

1.0 ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ।

2.0 ਇਸ ਦਫਤਰ ਦੇ ਧਿਆਨ ਵਿੱਚ ਆਇਆ ਹੈ ਕਿ ਜ਼ਿਲ੍ਹਾ ਮੁੱਖੀਆਂ ਅਤੇ ਡੀ.ਡੀ.ਓ.ਜ ਨੂੰ ਵਾਰ-ਵਾਰ ਸ਼ਖਤ ਹਦਾਇਤਾਂ ਕਰਨ ਦੇ ਬਾਵਜੂਦ ਵੀ ਬਹੁਤ ਸਾਰੇ ਅਧਿਆਪਕਾਂ ਨੂੰ ਸਰਕਾਰੀ ਨਿਯਮਾਂ ਅਨੁਸਾਰ ਉਨ੍ਹਾਂ ਦੇ ਜੀ.ਪੀ.ਫੰਡ ਦੀਆਂ ਸਲਿੱਪਾ ਨਹੀਂ ਦਿੱਤੀਆ ਗਈਆਂ ਹਨ ।

3.0 ਇਸੀ ਤਰ੍ਹਾਂ ਕਰਮਚਾਰੀਆਂ / ਅਧਿਆਪਕਾਂ ਦੀਆਂ ਸੇਵਾ ਪੱਤਰੀਆਂ ਵੀ ਮੁਕੰਮਲ ਨਹੀਂ ਕੀਤੀਆ ਜਾ ਰਹੀਆ ਹਨ । ਇਹ ਗੱਲ ਵੀ ਧਿਆਨ ਵਿੱਚ ਆਈ ਹੈ ਕਿ ਕਰਮਚਾਰੀਆਂ ਦੀ ਸੇਵਾ ਪੱਤਰੀਆਂ ਵਿੱਚ ਮੈਡਿਕਲ ਲੀਵ ਦੀ ਐਂਟਰੀ ਅਤੇ ਹੋਰ ਇੰਦਰਾਜ ਸਕੂਲ ਮੁੱਖੀ / ਡੀ.ਡੀ.ਓ. ਵੱਲੋਂ ਦਰਜ਼ ਨਹੀਂ ਕੀਤੇ ਜਾਂਦੇ ।

4.0 ਉਪਰੋਕਤ ਪ੍ਰੇਖਣਾ ਦੇ ਸਬੰਧ ਵਿੱਚ ਸਮੂਹ ਜ਼ਿਲ੍ਹਾ ਸਿੱਖਿਆ ਅਫਸਰ, ਸਕੂਲ ਮੁੱਖੀ ਅਤੇ ਬਲਾਕ ਪ੍ਰਾਇਮਰੀ ਸਿੱਖਿਆ ਅਫਸਰਾਂ ਨਾਲ ਮੁੱਖ ਦਫਤਰ ਵਿੱਚ ਹੋਇਆਂ ਮੀਟਿੰਗਾਂ ਵਿੱਚ ਵਿਸਥਾਰਪੂਰਵਕ ਚਰਚਾ ਕੀਤੀ ਗਈ ਸੀ । ਸਬੰਧਤ ਨੂੰ ਸ਼ਖਤ ਹਦਾਇਤਾਂ ਕੀਤੀਆਂ

ਜਾਂਦੀਆਂ ਹਨ ਕਿ 31.10.2010 ਤੀਕ ਕਰਮਚਾਰੀਆਂ / ਅਧਿਆਪਕਾਂ ਨੂੰ ਜੀ.ਪੀ.ਫ਼ੰਡ ਦੀਆਂ ਸਲਿੱਪਾ ਦੇ ਦਿੱਤੀਆਂ ਜਾਣ । ਇਸੀ ਤਰ੍ਹਾਂ 31.10.2010 ਤੀਕ ਸਾਰੇ ਕਰਮਚਾਰੀਆਂ / ਅਧਿਆਪਕਾਂ ਦੀਆਂ ਸੇਵਾ ਪੱਤਰੀਆਂ ਵੀ ਮੁਕੰਮਲ ਕੀਤੀਆ ਜਾਣ ਅਤੇ ਹਰ ਕਰਮਚਾਰੀ ਦੇ ਵੇਰਵੇ ਦਰਜ ਕੀਤੇ ਜਾਣ । ਇਸ ਕੰਮ ਲਈ ਵੱਖ-ਵੱਖ ਦਫਤਰਾਂ ਵਿੱਚ ਤੈਨਾਤ ਕਲਰਕਾਂ ਦੀ ਮਾਨੀਟਰਿੰਗ ਵੀ ਸਬੰਧਤ ਸਕੂਲ ਮੁੱਖੀ ਵੱਲੋਂ ਯਕੀਨੀ ਬਣਾਈ ਜਾਵੇ ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ

ਪਿਠ ਅੰਕਣ ਨੰ ਸਸਅ/ਕੋਆਰਡੀਨੇਸ਼ਨ/52950-51 ਮਿਤੀ 16.8.2010

ਇਸ ਦਾ ਇਕ ਉਤਾਰਾ ਹੇਠਾ ਲਿਖਿਆਂ ਨੂੰ ਭੇਜਿਆ ਜਾਂਦਾ ਹੈ :-

(1) ਮੰਡਲ ਪੱਧਰ ਦੀਆਂ ਨਿਰੀਖਣ ਟੀਮਾਂ ਅਤੇ

(2) ਜ਼ਿਲ੍ਹਾ ਪੱਧਰ ਦੀਆਂ ਨਿਰੀਖਣ ਟੀਮਾਂ

ਅਤੇ ਲਿਖਿਆ ਜਾਂਦਾ ਹੈ ਕਿ ਸਕੂਲਾਂ ਦੇ ਰੈਗੂਲਰ ਨਿਰੀਖਣ ਸਮੇ ਸਬੰਧਤ ਕਰਮਚਾਰੀਆਂ / ਅਧਿਆਪਕਾਂ ਨੂੰ ਜੀ.ਪੀ.ਫ਼ੰਡ ਦੀਆਂ ਸਲਿੱਪਾਂ ਦੇਣ ਅਤੇ ਸਾਰੇ ਕਰਮਚਾਰੀਆਂ ਦੀਆਂ ਸੇਵਾ ਪੱਤਰੀਆਂ ਦੇ ਮੁਕੰਮਲ ਕਰਨ ਅਤੇ ਉਹਨਾਂ ਵਿੱਚ ਮੈਡਿਕਲ ਛੁੱਟੀ ਦੇ ਇੰਦਰਾਜ ਕਰਨ ਦਾ ਵੇਰਵਾ ਵੀ ਆਪਣੀ ਰਿਪੋਰਟ ਵਿੱਚ ਦਰਜ਼ ਕੀਤਾ ਜਾਵੇ ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ